# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਸੰਗਰੂਰ।

ਈਮੇਲ ਆਈ.ਡੀ **deosesgrgen@gmail.com.com** ਸੰਪਰਕ ਨੰਬਰ 01672-234241

NSP: Portal

ਵੱਲ,

ਸਮੂਹ ਸਕੂਲ ਮੁੱਖੀ/ ਸਮੂਹ ਬੀ.ਪੀ.ਈ.ਓਜ਼,
ਸਸਸਸ/ਸਹਸ/ ਸਮਿਸ/ਏਡਿਡ/ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਜ਼,
ਜ਼ਿਲ੍ਹਾ ਸੰਗਰੂਰ।

ਪੱਤਰ ਨੰ ਜ-2,8/ਵਜ਼ੀਫਾ-2019/ਨੈਸ਼ਨਲ ਪੋਰਟਲ/ 201920670 8 and 201920 6722
ਮਿਤੀ ਸੰਗਰੂਰ 19-07-2019

ਵਿਸ਼ਾ ਸੈਸ਼ਨ 2019-20 ਦੌਰਾਨ ਨੈਸ਼ਨਲ ਸਕਾਲਰਸ਼ਿਪ ਪੋਰਟਲ ਸੰਸਥਾ ਦਾ ਰਜਿਸਟਰੇਸ਼ਨ ਫਾਰਮ ਭਰਨ ਅਤੇ ਸੰਸਥਾ ਦੀ ਪ੍ਰਫਾਈਲ ਨੂੰ ਅਪਡੇਟ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਸੈਸ਼ਨ 2019-20 ਲਈ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ **ਘੱਟ ਗਿਣਤੀ ਪ੍ਰੀ ਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ** ਵਿਦਿਆਰਥੀਆਂ ਦੀਆਂ ਐਪਲੀਕੇਸ਼ਨਾਂ (ਫਰੈਸ਼ ਅਤੇ ਰਿਨਿਊਵਲ) ਅਤੇ ਤਹਿਤ ਵਜੀਫਾ ਅਪਲਾਈ ਕੀਤਾ ਜਾਣਾ ਹੈ ਅਤੇ ਸੰਸਥਾ ਦੇ ਪੱਧਰ ਤੇ ਵੈਰੀਫਾਈ ਕੀਤਾ ਜਾਣਾ ਹੈ।

ਵਜੀਫਾ ਅਪਲਾਈ ਕਰਨ ਸਮੇਂ ਸੰਸਥਾ ਦਾ ਨਾਂ ਸੂਚੀ ਵਿੱਚ ਨਾ ਹੋਣ ਸਬੰਧੀ ਸੱਮਸਿਆ ਦਾ ਹੱਲ ਕਰਨ ਲਈ ਅਤੇ ਸੈਸ਼ਨ 2019-20 ਲਈ ਸੰਸਥਾ ਨੂੰ ਰਜਿਸਟਰ ਕਰਨ ਲਈ ਹੇਠ ਲਿਖੇ ਨੁਕਤਿਆਂ ਅਨੁਸਾਰ ਸੰਸਥਾ ਨੂੰ ਰਜਿਸਟਰ ਕੀਤਾ ਜਾਵੇ ਅਤੇ ਰਜਿਸਟਰ ਕਰਨ ਉਪਰੰਤ ਸੰਸਥਾ ਦੀ ਪ੍ਰੋਫਾਈਲ ਅਪਡੇਟ ਕਰਨ ਦੇ ਨਾਲ ਨਾਲ ਸੰਸਥਾ ਵਿੱਚ ਚੱਲ ਰਹੇ ਵੱਖ ਵੱਖ ਕੋਰਸਾਂ ਨੂੰ ਅਪਡੇਟ ਕੀਤਾ ਜਾਵੇ।ਕੋਰਸ ਅਧੀਨ ਆਉਦੀਆਂ ਜਮਾਤਾਂ ਅਤੇ ਉਹਨਾਂ ਦੀਆਂ ਫੀਸਾਂ ਨੂੰ ਅਪਡੇਟ ਕੀਤਾ ਜਾਵੇ।

**ਰਜਿਸਟਰੇਸ਼ਨ ਕਰਨ ਲਈ** :- ਸੈਸ਼ਨ 2019-20 ਲਈ ਸੰਸਥਾ ਨੂੰ ਰਜਿਸਟਰ ਕਰਨ ਲਈ https://nsp.gov.in/ ਤੇ ਕਲਿੱਕ ਕਰਨ ਉਪਰੰਤ ਪਿਛਲੇ ਸੈਸ਼ਨ ਵਾਲਾ ਯੂਜ਼ਰ ਨਾਂ ਅਤੇ ਪਾਸਵਰਡ ਲਗਾਉਣ ਉਪਰੰਤ ਲਾਗਿਨ ਕਰਨ ਤੇ ਰਜਿਸਟਰੇਸ਼ਨ ਫਾਰਮ ਮੁਕੰਮਲ ਰੂਪ ਵਿੱਚ ਭਰਨ ਉਪਰੰਤ, ਸੰਸਥਾ ਮੁੱਖੀ/ਸਕੂਲ ਨੋਡਲ ਅਫਸਰ ਦਾ ਆਈ.ਡੀ ਪਰੂਫ ਅਪਲੋਡ ਕਰਨ ਉਪਰੰਤ, ਭਰਿਆ ਡਾਟਾ ਸੇਵ ਕਰਨ ਉਪਰੰਤ, ਫਾਈਨਲ ਸਬਮਿਟ ਕਰਨ ਉਪਰੰਤ, ਫਾਰਮ ਦਾ ਪਿੰਟ ਲੈ ਕੇ ਸਕੂਲ ਨੋਡਲ ਅਫਸਰ ਦੀ ਫੋਟੋ ਲਗਾ ਕੇ ਸਾਈਨ ਕਰਕੇ ਰਜਿਸਟੇਸ਼ਨ ਫਾਰਮ ਸਮੇਤ ਆਈ.ਡੀ ਪਰੂਫ ਦੀ ਕਾਪੀ ਭੇਜ ਕੇ ਸਹੀ ਕਰਤਾ ਪਾਸੋਂ ਅਪ੍ਰੂਵ ਕਰਵਾਇਆ ਜਾਵੇ।ਅਪ੍ਰੂਵ ਨਾ ਹੋਣ ਦੀ ਸੂਰਤ ਵਿੱਚ ਪ੍ਰੋਫਾਈਲ ਅਪਡੇਟ ਨਹੀਂ ਹੋਵੇਗੀ।ਜੇਕਰ ਕਿਸੇ ਸੰਸਥਾ ਯੂਜ਼ਰ ਨਾਂ ਅਤੇ ਪਾਸਵਰਡ ਨਹੀਂ ਹੈ ਜਾਂ ਚੱਲ ਨਹੀਂ ਰਿਹਾ ਤਾਂ ਉਹ ਰਜਿਸਟਰਡ ਨੰਬਰ ਤੇ ਓ.ਟੀ.ਪੀ ਰਾਹੀਂ ਰਿਸੈਟ ਕਰ ਸਕਦੇ ਹਨ। ਰਜਿਸਟਰਡ ਨੰਬਰ ਉਪਲਬਧ ਨਾ ਹੋਣ ਦੀ ਸੂਰਤ ਵਿੱਚ **deosesgrgen@gmail.com** ਤੇ ਈਮੇਲ ਰਾਹੀਂ ਯੂਡਾਈਸ ਕੋਡ, ਸਕੂਲ ਨੋਡਲ ਅਫਸਰ ਦਾ ਨਾਂ ਅਤੇ ਮੋਬਾਇਲ ਨੰਬਰ ਭੇਜ ਕੇ ਰਿਸੈਟ ਕਰਵਾ ਸਕਦੇ ਹਨ।

**ਪ੍ਰੋਫਾਈਲ ਅਪਡੇਟ ਕਰਨ ਸਬੰਧੀ** :- ਸੰਸਥਾ ਰਜਿਸਟਰ ਹੋਣ ਉਪਰੰਤ ਸਕੂਲ ਨੋਡਲ ਅਫਸਰ ਦੇ ਰਜਿਸਟਰਡ ਮੋਬਾਇਲ ਤੇ ਪ੍ਰਾਪਤ ਓ.ਟੀ.ਪੀ ਰਾਹੀਂ ਪ੍ਰੋਫਾਈਲ ਨੂੰ ਅਪਡੇਟ ਕੀਤਾ ਜਾਵੇ।Add & Update Details ਟੈਬ ਵਿੱਚ ਸੰਸਥਾ ਵਿੱਚ ਚੱਲ ਰਹੇ ਕੋਰਸਾਂ, ਜਮਾਤਾਂ ਅਤੇ ਫੀਸਾਂ ਨੂੰ ਅਪਡੇਟ ਕੀਤਾ ਜਾਵੇ।

19.7.19

ਉੱਪ-ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਸੰਗਰੂਰ